Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

16969-G

# ਸਿਹਰਫੀ

# ਸਾਈਂਦਾਸ

ਜਿਸਕੋ

ਹਾਜੀ ਚਰਾਗਦੀਨ ਸਰਾਜਦੀਨ

ਤਾਜਰਾਨ ਕੁਤਬ ਬਾਜ਼ਾਰ ਕਸ਼ਮੀਰੀ

ਲਾਹੌਰ ਨੇ

DEPARTMENT OF LANGUAGES

[illegible]ਕੰਦ ਪ੍ਰੈਸ ਬਾਜ਼ਾਰ ਵਛੋਵਾਲੀ, ਲਾਹੌਰ ਮੇਂ ਪੰਡਿਤ ਰੋੜਾਰਾਮ
ਕੇ [illegible]ਰ ਸੇ ਛਪਵਾਈ ॥

Digitized by Panjab Digital Library | www.panjabdigilib.org

੧ ੴਸਤਿਗੁਰ ਪ੍ਰਸਾਦਿ ॥

ਅਥ ਸਿਹਰਫੀ ਸਾਂਈ ਦਾਸ ਲਿਖਜਤੇ

ਅਲਫ ਆਯੋਂ ਤੂੰ ਵਾਸਤੇ ਖੱਟਨੇ ਦੇ ਏਥੇ ਆਇਕੇ ਮੂਲ ਗਵਾ ਘੋਈ। ਝੂਠ ਲਾਲਚਾਂ ਦੇ ਵਿਚ ਲੱਗ ਕੇਤੇ ਭਲਾ ਕੰਮ ਨਾ ਕੋਈ ਕਮਾਯੋਈ। ਓਥੇ ਆਵਸੀ ਕੋਈ ਨਾ ਕੰਮ ਤੇਰੇ ਜਿਨਾਂ ਨਾਲ ਤੈਂ ਪਿਆਰ ਲਗਾਯੋਈ। ਸਾਈਂ ਦਾਸ ਵਿਸਾਰ ਕੇ ਨਾਮ ਤਾਈਂ ਮੈਨੂੰ ਦਸ ਕਿਨੇ ਸੁਖ ਪਾਯੋਈ। ੧ । ਬੇ ਬੰਦੇ ਤੂੰ ਆਯੋਂ ਬੰਦਗੀ ਨੂੰ ਕੂੜੇ ਕੰਮ ਕੀ ਹੋਰ ਕਮਾਵਨਾ ਹੈਂ। ਦੇਖ ਦੇਖ ਕੁਟੰਬ ਨੂੰ ਖੁਸ਼ੀ ਹੋਵੇਂ ਕਰੇ ਠੱਗੀਆਂ ਦ੍ਰਬ ਲੈ ਆਵਨਾ ਹੈਂ। ਜ਼ਰਾ ਸਮਝ ਨਾ ਆਂਵਦੀ ਮੂਲ ਤੈਨੂੰ ਐਵੇਂ ਆਪਨੀ ਉਮਰ ਗ੍ਵਾਉਨਾ ਹੈਂ। ਸਾਈਂਦਾਸ ਆਖੇ ਛੱਡ ਵਾਹ ਤਾਂਈ ਜਾਨ ਬੁਝਕੇ ਔਝੜੇ ਜਾਵਨਾ ਹੈਂ ।੨। ਤੇ ਤਰਸ ਨਾ ਆਂਵਦਾ ਰੱਤੀਆ ਜੀ ਕਰੇ ਗਾਫਲੀ ਖੁਦੀ ਗੁਮਾਨ ਭਾਈ। ਓਸ ਰੱਬ ਦਾ ਖੌਫ ਨ ਮੂਲ ਬੰਦੇ ਜਿਸਨੇ ਸਾਜ ਤੈਨੂੰ ਪਾਈ ਜਾਨ ਭਾਈ। ਆਪੇ ਆਪ ਖੁਦਾਇ ਕਹਾਵਨਾ ਹੈਂ ਤੂੰ ਤਾਂ ਵਡਾ ਹੈਂ ਕੋਈ ਸੈ-ਤਾਨ ਭਾਈ। ਸਾਈਂਦਾਸ ਵਿਸਾਰਿਆ ਰੱਬ ਜਿਨਾਂ ਕਦੀ ਜੀਤ ਨਾਹੀਂ ਸਦਾ ਹਾਰ ਭਾਈ ॥ ੩ ॥ ਸੇ ਸਮਝ ਕੇ ਦੇਖ ਤੈਂ ਬੰਦਿਆ ਓਇ ਵਾਰੀ ਆਪਨੀ ਸਭਨਾਂ ਜਾਂਵਣਾ ਹੈ। ਮੈਹਲ ਮਾੜੀਆਂ ਦੇਖਕੇ ਭੁਲਿਓਂ ਤੂੰ ਤੇਰੇ ਕੰਮ ਨਾਹੀਂ ਕਿਸੇ ਆਂਵਣਾ ਹੈ। ਭਾਈ ਪੁੱਤ ਜੋੜੇ ਦਿਸ ਆਂਵਦੇ ਨੀ ਤੈਨੂੰ ਕਿਸੇ ਨ ਜਾਇ

Digitized by Panjab Digital Library | www.panjabdigilib.org

ਛੁਡਾਵਣਾ ਹੈ। ਸਾਈਂ ਦਾਸ ਪੁਕਾਰ ਕੇ ਆਖਦਾ ਈ ਇਕ
ਰੱਬ ਨੇ ਪਾਰ ਲੰਘਾਵਣਾ ਹੈ।੪। ਜੀਮ ਜਾਂਦੜਾ ਸਭ ਜਹਾਨ ਬੰਦੇ
ਦਿਲਅ ਪਨੇ ਲੇਹੁ ਵਿਚਾਰ ਭਾਈ। ਜਾਨ ਜਗਤ ਨੂੰ ਕੂੜ ਹੋ ਪਾਰ
ਗਏ ਪੱਲੇ ਜਿਨਾਂ ਦੇ ਲੱਖ ਹਜ਼ਾਰ ਭਾਈ। ਵਡੇ ਨਾਮ ਧਾਰੀ ਸੋ
ਭੀ ਲੱਦ ਗਏ ਬਾਝੋਂ ਰੱਬ ਦੇ ਨਾਮ ਖੁਆਰ ਭਾਈ। ਸਾਈਂ ਦਾਸ ਕ-
ਹਿੰਦਾ ਤਦ ਜਾਂਹਿੰਗਾ ਤੂੰ ਇਕ ਰੱਬ ਦਾ ਨਾਮ ਪੁਕਾਰ ਭਾਈ॥
੫॥ ਹੇ ਹੁਕਮ ਤੇਰਾ ਵਿੱਚ ਜੱਗ ਸਾਰੇ ਫਰਮਾਇਸ਼ ਬਹੁਤ ਚਲਾ
ਵਣਾ ਹੈਂ। ਪੈਰ ਕੂਚ ਦੇਹ ਨੂ ਦੇਖਨਾਂ ਹ ਵਿੱਚ ਬੰਗਲੇ ਪਲੰਘ
ਵਿਛਾਵਨਾ ਹੈਂ। ਭੋਗੇਂ ਔਰਤਾਂ ਪਹਿਨੇ ਪੁਸ਼ਾਕ ਭਾਰੀ ਨਿਤ ਰੰ
ਗੀਆਂ ਨਜਾਂਮਤਾਂ ਖਾਵਨਾ ਹੈਂ। ਸਾਈਂ ਦਾਸ ਗੁਮਾਨ ਕੀ ਬੰਦਜਾ
ਓਹਿ ਨਾਲ ਖਾਕ ਦੇ ਹੀ ਰਲ ਜਾਵਨਾ ਹੈ॥੬। ਖੇ ਖਾਨ ਮਲੂਕ
ਕੀ ਦੇਖਨਾ ਹੈਂ ਉਠ ਜਾਨਨੀਗੇ ਦਿਨ ਚਾਰ ਭਾਈ। ਇੱਕ ਚੱਲ
ਗਏ ਇਕ ਚਲਨੇ ਨੂ ਲੱਕ ਬੰਨ ਕੇ ਹੋਏ ਤਿਆਰ ਭਾਈ। ਛੱਡ
ਗਏ ਹਵੇਲੀਆਂ ਔਰਤਾਂ ਨੂ ਮਾਰੇ ਕਾਲ ਬਲੀ ਹੋਏ ਛਾਰ ਭਾਈ।
ਸਾਈਂ ਦਾਸ ਆਖੇ ਸੱਭ ਜ਼ੋਰ ਵਾਲੇ ਅੱਗੇ ਕਾਲ ਦੇ ਗਏ ਨੀ ਹਾਰ
ਭਾਈ।੭। ਦਾਲ ਦੰਮ ਦਾ ਕੁਝ ਵਿਸਾਹ ਨਾਹੀ ਬੰਦਾ ਮੂਰਖ ਮੇਰੀ
ਉਚਾਰਦਾ ਹੈ। ਅੱਖੀਂ ਵੇਖ ਕੇ ਜਗ ਜਹਾਨ ਜਾਂਦਾ ਤੋਂ ਰੱਤੀ ਨਾ
ਮਨ ਵਿਚ ਧਾਰਦਾ ਹੈ। ਮੌਤ ਚਿੱਤ ਨਾਹੀ ਚਾਹ ਜੀਵਨੇ ਦੀ ਮਹਲ
ਮਾੜੀਆਂ ਪਿਆ ਉਸਾਰਦਾ ਹੈ। ਸਾਈਂ ਦਾਸ ਫਰਿਸ਼ਤਿਆਂ ਵੱਸ
ਪਿਆ ਹਾਇ ਹਾਇ ਇਹੀ ਪਿਆ ਪੁਕਾਰਦਾ ਈ॥੮॥ ਜਾਲ ਜਾਲਿਆ
ਤਿਨਾਂ ਸਨਬੰਧੀਆਂ ਨੇ ਜਿਨਾਂ ਵਾਸਤੇ ਜੋੜਦਾ ਰਿਹਾ ਮਾਯਾ।...

...MENT OF LA... PATIALA

Digitized by Panjab Digital Library | www.panjabdigilib.org

ਚਲੇ ਇਕਲੇਨੂੰ ਪਕੜ ਬਾਹੋਂ ਅੰਤਕਾਲ ਨਹੀਕੋਈਕੰਮਆਯਾ
ਉਸ ਵਕਤ ਪੁਕਾਰਦਾ ਹਾਇਰੱਬਾਨਹੀਦਾਨਕੀਤਾਨਹੀਂਚਿਤ
ਲਾਇਆ। ਸਾਈਂਦਾਸ ਆਖੇ ਦਿੱਤਾ ਹੱਥਆਵੇ ਬਿਨਾਂਦਿਤਿਆਂ
ਨਹੀਂ ਜੇ ਕੁਛਪਾਯਾ ॥ ੯ ॥ ਰੇ ਰੰਗ ਖੁਦਾਇਦਾਸੋਹਿਨਾਹੈਹੋਰ
ਰੰਗ ਖਾਤ੍ਰ ਨਹੀਂ ਆਂਵਦਾ ਹੈ। ਹੀਰੇ ਔਰਮੋਤੀਜਿਸਨੂੰਰੱਬ ਦੇਵੇ
ਓਹਪਥਰਾਂ ਨਾਲਕਿਉਂਲਾਂਵਦਾਹੈ। ਨਾਮਰੱਬਦਾਓਸਨੂੰਮਿੱਠਾ
ਲੱਗੇਹੋਰਕੁਝਨਹੀਂ ਮਨਭਾਂਵਦਾਹੈ। ਸਾਈਂਦਾਸਆਖੇਪਿਆਰੇ
ਰੱਬਦੇ ਜੀ ਸਚਾ ਉਨਾਂਨੂੰਆਪ ਮਿਲਾਂਵਦਾ ਹੈ ॥ ੧੦ ॥ ਜੀਮ
ਯਾਦਨਾਕੀਤੋਈ ਰੱਬਤਾਂਈ ਖੋਟੇ ਕੰਮਾਵਿਚ ਉਮਰ ਵਿਹਾਇ
ਗਈ। ਪਹਿਲੇਨਿੱਕਾਸੀ ਫੇਰਜੁਵਾਨ ਹੋਇਆ ਮੱਤਭੋਗਾਂ ਵਿਖੇ
ਲਪਟਾਇਗਈ। ਜਦੋਂਬ੍ਰਿਧਹੋਯਾ ਲਗਾ ਮੋਹ ਬਹੁਤਾ ਸੁਰਤ
ਵਿਚ ਕੁਟੰਬ ਵਿਹਾਇਗਈ ਸਾਈਂਦਾਸਆਖੇਏਵੇਂਕਰਦਿਆਂ
ਨੂੰ ਮੌਤ ਬੰਦੇਦੇ ਸਿਰਤੇਆਇਗਈ ॥ ੧੧ ॥ ਸੀਨ ਸਾਕਜੇਹੜੇ
ਦਿਸ ਆਂਵਦੇਨੀ ਦਿਨਚਾਰਦੇਕੂੜੇਹੈਂਪਾਜਭਾਈ। ਜਿਨਾਂਨਾਲ
ਹੈ ਬਹੁਤ ਪਿਆਰਤੇਰਾ ਤਿਨਾਂਨਹੀਂ ਸਵਾਰਨਾ ਕਾਜਭਾਈ।
ਸੌਂਦੇ ਪਲੰਘ ਵਿਛਾਇਕੇਖਾਕਹੋਏ ਜੇਹੜੇਹਥੀਂ ਉਡਾਂਵਦੇਬਾਜ
ਭਾਈ। ਸਾਈਂਦਾਸ ਆਖੇ ਸਭੋ ਕੂੜ ਬਾਜੀ ਉਠਚਲਣਾ ਕੱਲ
ਕਿ ਆਜ ਭਾਈ ॥ ੧੨ ॥ ਸੀਨ ਸਜਾਨਪਾ ਹਿਕਮਤਾਂ ਕੰਮ
ਨਾਹੀਂ ਏਹਤਾਂ ਕੂੜਦਾ ਜੱਗ ਰਨਾਉਹਜੀ। ਕਰੇ ਚਿਤਮੈਬੰਦ
ਗੀ ਦਇਆ ਧਾਰ ਪੱਲੇਨਾਮਦਾ ਮਾਲ ਮਤਾਹ ਹੈ ਜੀ। ਬਾਝ
ਨਾਮਦੇ ਹੋਰਨਾਂਕੰਮ ਆਵੇ ਓਥੇਨੇਕੀ ਦੀ ਤੁਰੇ ਸਲਾਹ ਹੈਜੀ।

Digitized by Panjab Digital Library | www.panjabdigilib.org

169619-9



ਸਾਈਂਦਾਸ ਆਖੇ ਏਹਾ ਯਾਦ ਰਖੋ ਮੌਲਾਪਾਕ ਜੋ ਬੇਪਰਵਾਹ ਹੈਜੀ॥ ੧੩। ਸੁਵਾਦਸ੍ਵਾਦਜੋ ਬੰਦਜਾਖਾਵਨਾਹੇਂ ਬਿਨਾਨਾਮਦੇ ਨਹੀਂ ਸ੍ਵਾਦਭਾਈ। ਛੋਡਬੰਦਗੀਨੂੰ ਮਗਰੂਰਹੁੰਦੇਮਾਰ ਖਾਂਵਦੇ ਨੀ ਦਰਬਾਰ ਭਾਈ। ਭਲੇਕੰਮ ਵਲੋਂ ਮੁਖ ਮੋੜ ਬੈਠੇਂ ਬੁਰੇ ਵਾ ਸਤੇ ਹੋਇਯੋਂ ਤਿਆਰ ਭਾਈ। ਸਾਈਂਦਾਸ ਵਿਸਾਰਿਆ ਰੱਬ ਜਿਨਾਂ ਕਦੀ ਜਿਤੇਨਹੀ ਸਦ ਹਾਰਭਾਈ॥ ੧੪।ਜ਼ੁਆਦਜ਼ਰੂਰ ਏਥੋਂ ਚਲਜਾਵਨਾਈ ਦਿਲਆਪਨੇਲੇਹੁਵਿਚਾਰਭਾਈ। ਫਿਰੇਂ ਮਾਯਾਦੇ ਵਾਸਤੇ ਤਰਫ ਚਾਰੋਂ ਛਡਜਾਵਨਾ ਜੋ ਧਨਮਾਲਭਾਈ॥ ਕੂੜਾ ਨੇਹੁ ਕੁਟੰਬ ਦਾ ਸਭ ਪਿਆਰੇ ਨਹੀਂ ਚਲਣਾ ਕਿਸੇ ਨੇ ਨਾਲ ਭਾਈ। ਸਾਂਈਂਦਾਸ ਜੋ ਕੀਤਾਈ ਕੌਲ ਬੰਦੇਕਰਬੰਦਗੀ ਸੁਖਨ ਨਾ ਟਾਲ ਭਾਈ॥੧੫। ਤੋਇ ਤਕੱਬਰੀ ਜਿਨਾਂ ਨੇ ਛੋਡ ਦਿੱਤੀ ਹੋਏ ਪਾਕ ਖੁਦਾਇਦੇ ਯਾਰ ਭਾਈ। ਨਹੀ ਉਨਾਂਨੂੰ ਲੋੜ ਪਦਾਰਥਾਂਦੀ ਨੀਯਤ ਰਾਸਕਰ ਚਿਤ ਕਰਤਾਰਭਾਈ। ਕਰਨ ਬੰਦਗੀ ਰੱਬਦੀ ਦਿਨੇ ਰਾਤੀ ਤਿਨਾਂ ਲੀਤਾਈ ਜਨਮ ਸੁਧਾਰ ਭਾਈ। ਸਾਈਂਦਾਸ ਫਕੀਰਾਂਦੇ ਲਗ ਆਖੇ ਓਬੇਲੰਘੇਈ ਲੱਖ ਹਜ਼ਾਰ ਭਾਈ। ੧੬॥ ਜੋਇ ਜਾਵਨਾ ਹੁਕਮ ਤੇਹਕੀਕ ਬੰਦੇ ਜਿਨਾਂ ਨਾਮ ਲੀਤਾਬੇੜੇ ਪਾਰਹੋਏ। ਨਾਮਰਬਦਾ ਜਿਨਾਂ ਵਿਸਾ-ਰਿਯਾ ਹੇ ਚੋਟਾਂ ਖਾਂਵਦੇਸੋਈਖ਼ੁਆਰਹੋਏ। ਜਿਨਾਂਬੰਦਗੀਨਾਲ ਪਿਯਾਰ ਕੀਤਾ ਮੌਲਾ ਖਾਸਗੀ ਪਾਕਦੇ ਯਾਰਹੋਏ। ਸਾਈਂਦਾਸ ਭੁਲਾਇਖੁਦਾਇਤਾਈਂਸਚੇ ਰੱਬਕੋਲੋਂਗੁਨਹਗਾਰਹੋਏ॥੧੭॥ ਐਨ ਆਰਬਲਾ ਛਿਜਦੀ ਜਾਂਵਦੀ ਹੈ ਅਜ ਕਲ ਦੇ ਵਿਚ

Digitized by Panjab Digital Library | www.panjabdigilib.org

ਲੁਟਾਵਨਾ ਹੈਂ। ਭਲੇ ਕੰਮ ਦੇ ਵੱਲ ਨ ਧਿਆਨ ਤੇਰਾ ਬੁਰੇ ਕੰਮ ਦੇ ਵਾਸਤੇ ਜਾਵਨਾਹੈਂ। ਜ਼ਰਾ ਸਮਝ ਨ ਆਂਵਦੀਮੂਲ ਤੈਨੂੰ ਸਿਰ ਪਾਪਦੀ ਪੰਡ ਉਠਾਵਨਾ ਹੈਂ ਸਾਈਂਦਾਸ ਆਖੇ ਸਚ ਛਡ ਕੇਤੂੰ ਨੇਹੁੰ ਕੂੜਦੇ ਨਾਲ ਲਗਾਵਨਾਹੇਂ॥੧੮॥ ਗ਼ੈਨ ਗ਼ਰਜ਼ ਨਾ ਕਿਸੇ ਨੂੰ ਲਿਆਵਨਾ ਹੈਂ ਸੂਰਤ ਕੰਬਦੀ ਜਿਨਾਂ ਦੇ ਨਾਮ ਲੀਤੇ। ਲਖ ਟਹਲੀਏ ਜਿਨਾਂਦੇ ਟਹਲਵਾਲੇ ਘਰੀਂ ਔਰਤਾਂ ਲਖ ਸਮਾਨ ਕੀਤੇ। ਵਾਲੀ ਜਗਤਦੇਵਿਚ ਕਹਾਂਵਦੇਮੇ ਵਡੇ ਸੂਰਮੇ ਜਿਨਾਂਨੇ ਹਾਨ ਕੀਤੇ। ਸਾਈਂਦਾਸ ਖੁਦਾਇ ਕਹਾਂਵਦੇਸੇ ਵਡੇ ਨਾਮਧਾਰੀ ਖਾਕ ਜਾਨ ਕੀਤੇ। ੧੯॥ ਫੇਰ ਵਤ ਅਕੱਲੜਾ ਜਾਂਇਗਾ ਤੂੰ ਖੋਟੇ ਕੰਮਾਂ ਦੇ ਵਿਰਤਾਂਉਮਰ ਗਾਲੀ। ਕਿਥੇ ਮਹਿਲਤੇਮਾੜੀਆਂ ਬੰਗਲੇਨੀ ਕਿਥੇ ਸੁੰਦ੍ਰ ਨਾਰ ਹ ਭੋਗਵਾਲੀ। ਧੰਨਮਾਲ ਨਾ ਜਾ ਵਸੀ ਨਾਲਤੇਰੇ ਹਥ ਝਾੜਬੰਦੇ ਉਠ ਜਾਂਹਿਖ਼ਾਲੀ ਸਾਈਂਦਾਸ ਆਖੇ ਇਕ ਰੱਬ ਬਾਝੋਂ ਹੋਰ ਕੋਈਨਾਹੋਵਸੀਅੰਤਵਾਲੀ।੨੦॥ ਕਾਫ ਕਰਮ ਕੀਤਾਜਿਸਨੂੰਰੱਬਸਚੇ ਬੰਦਾਬੰਦਗੀਮੋਈ ਕਮਾਂ-ਵਦਾਈ। ਓਸਰੱਬਦਾਖੌਫਹੈ ਦਿਨੇ ਰਾਤੀ ਸੁਹਵਲਨਾਪ੍ਰੀਤਲ-ਗਾਂਵਦਾਈ। ਦੂਰਕੀਤਾਈ ਸੁਖਨ ਤਕਬਰੀਦਾ ਉਹਤਾਂ ਸਭਤੇ ਨੀਚ ਕਹਾਂਵਦਾਈ। ਸਾਈਂਦਾਸ ਆਖੇ ਕਿਸੇਵਸਨਾਹੀਂ ਆਪੇ ਮੇਲਦਾ ਆਪ ਭੁਲਾਂਵਦਾਈ॥੨੧॥ ਕਾਫ ਕੁਫਰ ਨੂੰ ਛੋੜਦੇ ਬੰਦਿਆ ਓਇ ਇਸਦੇ ਵਿਚਨਹੀਨਫਾਹੋਵਨਾਈ। ਏਹੁਵਖਤ ਹੈਗਾ ਤੇਰੇ ਬੀਜਨੇ ਦਾ ਪਿਆਰੇ ਬੀਜ ਲੈ ਜੋ ਕੁਛ ਬੋਵਨਾ ਈ। ਬਿਨਾ ਭਜਨ ਦੇ ਨਿਤ ਖੁਆਰੀਆਂ ਨੀ ਏਵੇਂ ਜਨਮ

Digitized by Panjab Digital Library | www.panjabdigilib.org

ਅਕਾਰਥ ਖੋਵਨਾਈ। ਸਾਈਂ ਦਾਸ ਫਰਸ਼ਤੇ ਪਕੜਨੀਗੇ ਆਹੀਂ ਮਾਰ ਪਿਆਰੇ ਤਦੋਂ ਰੋਵਨਾਈ ।੨੨॥ ਲਾਮ ਲਜ ਨ ਆਂਵਦੀ ਮੂਲ ਤੈਨੂੰ ਅੱਗੇ ਦੇਹਿ ਕੀ ਜਾਇ ਜੁਵਾਬ ਭਾਈ। ਵਿਚ ਜਗਕੀਕਹਮ ਕਮਾਵਨਾਹੈ ਤੈਥੋਂ ਲਏਗਾਆਪਹਿਸਾਬ ਭਾਈ। ਬਿਨਾ ਬੰਦਗੀ ਬੰਦਜਾ ਦੁਖਤੈਨੂੰਰੱਤਾ ਸੁਖਨਾਹੀਬੁਰੀ ਬਾਬ ਭਾਈ। ਸਾਈਂ ਦਾਸ ਆਖੇਜਪਨਾਮਤਾਈਂ ਵਿਨਾਂ ਨਾਮ ਤੋਂ ਹੋਏ ਖਰਾਬ ਭਾਈ॥ ੨੩। ਮੀਮ ਮਨੋ ਤੂੰ ਮਰਨਵਿਸਾਰ ਬੈਠੋਂ ਤੈਂਕੀ ਸਮਝਿਆ ਆਪਨੂੰ ਬੰਦਿਆਓਇ। ਨਹੀਂ ਜਾਨਦਾ ਮਾਲਮੈਂ ਮਸਤਹੈਂ ਤੂ ਤੇਰੇ ਸੀਸ ਪਰ ਕਾਲਹੈ ਬੰਦਿਆਓਇ। ਫਿਰੇਂ ਧੰਧਿਆਂ ਵਿਚ ਖਰਾਬ ਹੁੰਦਾ ਤੈਨੂ ਕੁਛ ਨ ਸੁਝਦਾ ਗੰਦਿਆ ਓਇ। ਸਾਈਂ ਦਾਸ ਆਖੇ ਕਰੋ ਬੰਦਗੀ ਨੂੰ ਹੋਵੇਂ ਪਾਕ ਤੂੰ ਗੰਦਿਆਬੰਦਿਆਓਇ। ੨੪। ਨੂਨ ਨਾਹੀਦੇਨਾਲਪਿਆਰ ਤੇਰਾ ਮਾਣੇਮੌਜਤੂੰ ਸੇਜਵਛਾਇਕੇਤੇ। ਥੋੜਾਸੁਖਤੇ ਦੁਖਹੈ ਬਹੁਤ ਸਾਰਾਗੱਲ ਲਾਵਨੀਹੇ ਲੋਹਾ ਤਾਇਕੇਤੇ। ਤੈਨੂੰ ਨਰਦੇ ਵਾਸਤੇ ਭੇਜਿਆਸੀ ਤੂੰਤਾਂਦਲਫੋਂ ਮੂਲਗਵਾਇਕੇਤੇ। ਸਾਈਂ ਦਾਸਆਖੇ ਜਦੋਂ ਪੁਛੀਏਂਗਾ ਤਦੋਂ ਦੇਹਿ ਜਵਾਬਕੀ ਜਾਇਕੇਤੇ । ੨੫॥ ਵਾਉ ਵਾਸਤੇਜਿਨਾਂਦੇ ਭਟਕਨਾ ਹੈਂ ਬੋਲੇਂ ਮਿਥਿਆ ਪਾਪ ਕਮਾਵਨਾ ਹੈਂ। ਸੁਖਆਪਨੇਨੂੰ ਪਏਲੋਚਦੇਨੀ ਕਾਹਨੂ ਖਾਹ ਮਖਾਹ ਦੁਖ ਪਾਵਨਾਹੈਂ। ਅਗੇ ਆਵਸੀ ਕੋਈ ਨ ਕੰਮਤੇਰੇਜਿਨਾਂ ਨਾਲ ਤੂੰ ਨੇਹੁ ਲਗਾਵਨਾਹੈਂ। ਸਾਈਂ ਦਾਸਆਖੇਜਿਸ ਦਾ ਰਜ਼ਕ ਬੇਲੀ ਓਸੇ ਰੱਬਨੂੰ ਕਿਉਂ ਨਹੀਂ ਗਾਵਨਾ ਹੈਂ ॥੨੬॥ ਹੇ ਹਾਇਆ ਹੈ

Digitized by Panjab Digital Library | www.panjabdigilib.org

ਜਨਮ ਆਪਨਾ ਤੂੰ ਖੋਟੇ ਕੰਮ ਦੇ ਵਿਚ ਗਲਤਾਨ ਹੋਇਓਂ ਜੇਹੜਾ ਕੌਲਸੀ ਰੱਬਦੇ ਨਾਲਕੀਤਾਸੋ ਵਿਸਾਰਕੇ ਤੂੰ ਬੇਈਮਾਨ ਹੋਯੋਂ। ਤੈਨੂੰ ਰਹੇ ਸਮਝਾ ਨਾ ਸਮਝਦਾ ਹੈਂ ਸੁੰਦਰ ਔਰਤਾਂ ਦੇਖ ਮਸਤਾਨ ਹੋਯੋਂ। ਸਾਈਂਦਾਸ ਲੇਖਾ ਜਦੋਂ ਮੰਗੀਏਗਾ ਤਦੋਂ ਬਹੁਤ ਬੰਦੇ ਪਰੇਸ਼ਾਨ ਹੋਯੋਂ ॥੨੭॥ ਲਾਮ ਲੱਖ ਕ੍ਰੋੜਜੇ ਬਰਸ ਜੀਵੇਂ ਜੇਹੜਾ ਜੰਮਿਆ ਮਰੇ ਜਰੂਰ ਭਾਈ। ਏਵੇਂ ਜਗ ਸਾਰੇ ਚਲੇ ਜਾਵਨਾ ਈਂ ਜਿਵੇਂ ਲੰਘਦਾ ਬੇੜੀ ਦਾ ਪੂਰ ਭਾਈ। ਬਦ ਫੈਲੀਯਾਂ ਨਾਲ ਪਿਯਾਰ ਤੇਰਾ ਫਿਰੇਂ ਬਿਜਲੀ ਵਾਂਗ ਮਗਰੂਰ ਭਾਈ। ਸਾਈਂਦਾਸ ਨ ਆਂਵਦਾ ਖੌਫ ਬੰਦੇ ਓਹ ਤਾਂ ਦੇਖਦਾ ਨਿਤ ਹਜ਼ੂਰ ਭਾਈ ॥੨੮॥ ਅਲਫ ਅਕਲ ਨ ਆਂਵਦੀ ਮੂਲ ਤੈਨੂੰ ਦੇਵੇਂ ਲਾਲ ਤੇ ਕਚ ਵਟਾਵਨਾ ਹੈਂ। ਸੋ ਵਟ ਕੇ ਬੰਨਦਾ ਮੂਲਪਲੇ ਤੇਰੇ ਸੰਗ ਨਹੀਂ ਕੁਛ ਜਾਵਨਾ ਹੈਂ। ਤੂਤਾਂ ਆਯਾ ਹੈਂ ਰਾਤਦੇ ਕੱਟਨੇਨੂੰ ਮਹਿਲ ਮਾੜੀਆਂ ਪਜਾ ਬਨਾਵਨਾ ਹੈਂ। ਹੱਥ ਨਾਲਜੋ ਕੀਤਾਈ ਦਾਨ ਬੰਦੇ ਸਾਈਂਦਾਸ ਓਹੋ ਕੰਮ ਆਵਨਾ ਹੈ॥੨੯। ਯੇ ਯਾਰਿਯਾਂ ਬਹੁਤ ਖੁਆਰਿਆਂ ਨੀਏਹਅੰਤਸਮੇਤਜ ਜਾਵਨਾ ਹੈ। ਜਦੋਂ ਜਾਨ ਵਜੂਦ ਤੋਂ ਨਿਕਲ ਜਾਵੇ ਖਫਨ ਸੀਉਂ ਕੇ ਤੁਰਤ ਵਿਖਾਵਨਾ ਹੈ। ਕਵੋ ਕਵੋ ਸਵੇਰੜੇ ਪ੍ਰੇਤ ਤਾਈਂ ਠੋਕ ਠੋਕਕੇ ਤੁਰਤ ਲੈ ਜਾਵਨਾ ਹੈ। ਸਾਈਂਦਾਸ ਆਖੇ ਭਾਂਡਾ ਭੰਨਕੇਜੀ ਘਰ ਆਪਨੇਨੂੰ ਉਠ ਧਾਵਨਾ ਹੇ ॥੩੦॥

ਇਤਿ ਸਿਹਰਫੀ ਸਾਈਂਦਾਸ ਸੰਪੂਰਣ ॥

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-1325

Digitized by Panjab Digital Library | www.panjabdigilib.org

Digitized by Panjab Digital Library | www.panjabdigilib.org